ਮਿੱਠੇ ਬੱਚੇ:- "ਮਿੱਠੇ ਬੱਚੇ :- ਕੋਈ ਵੀ ਭੁੱਲ ਹੋਵੇ ਤਾਂ ਬਾਪ ਕੋਲੋਂ ਛਿਪਾਓ ਨਹੀਂ, ਜੇਕਰ ਛਿਪਾਓਗੇ ਤਾਂ ਛਿਪਾਉਂਦੇ - ਛਿਪਾਉਂਦੇ ਖੁਦ ਵੀ ਛਿਪ - ਜਾਓਗੇ"

ਪ੍ਰਸ਼ਨ:- ਬਿਗੜੀ ਨੂੰ ਬਣਾਉਣ ਵਾਲਾ ਬਾਪ ਤੁਸੀਂ ਬੱਚਿਆਂ ਦੀ ਬਿਗੜੀ ਕਿਸ ਆਧਾਰ ਤੇ ਬਣਾਉਂਦੇ ਹਨ?

ਉੱਤਰ:- ਪਵਿੱਤਰਤਾ ਦੇ ਆਧਾਰ ਤੇ। ਤੁਸੀਂ ਬੱਚੇ ਜਾਣਦੇ ਹੋ ਜਦੋਂ ਬਾਪ ਬਿਗੜੀ ਨੂੰ ਸੁਧਾਰਨ ਆਉਂਦੇ ਹਨ ਤਾਂ ਇਸ ਪਵਿੱਤਰਤਾ ਤੇ ਹੀ ਇਤਨੇ ਝਗੜੇ ਹੁੰਦੇ ਹਨ। ਅਬਲਾਵਾਂ ਨੂੰ ਸਿਤਮ ਸਹਿਣ ਕਰਨੇ ਪੈਂਦੇ ਹਨ। ਪਵਿੱਤਰ ਬਣਨ ਬਿਗਰ ਦੇਵਤਾ ਬਣ ਨਹੀਂ ਸਕਦੇ। ਭਾਰਤ ਨੂੰ ਕੌਡੀ ਤੋਂ ਹੀਰਾ, ਦੁਖਧਾਮ ਤੋਂ ਸੁਖਧਾਮ, ਪੁਰਾਣੇ ਨੂੰ ਨਵਾਂ ਬਣਾਉਣ ਦੇ ਲਈ ਪਵਿਤ੍ਰ ਜਰੂਰ ਬਣਨਾ ਪਵੇ। ਤੁਸੀਂ ਬੱਚੇ ਇਸ ਗੱਲ ਦੀ ਮਦਦ ਬਾਪ ਨੂੰ ਕਰਦੇ ਹੋ ਇਸਲਈ ਬਾਪ ਦੇ ਨਾਲ - ਨਾਲ ਤੁਹਾਡੀ ਵੀ ਪੂਜਾ ਹੁੰਦੀ ਹੈ।

ਗੀਤ:- ਭੋਲੇਨਾਥ ਤੋਂ ਨਿਰਾਲਾ...

ਓਮ ਸ਼ਾਂਤੀ ਬੱਚਿਆਂ ਨੇ ਗੀਤ ਸੁਣਿਆ? ਕਿਹੜੇ ਬੱਚਿਆਂ ਨੇ? ਪ੍ਰਜਾਪਿਤਾ ਬ੍ਰਹਮਾਕੁਮਾਰ ਅਤੇ ਕੁਮਾਰੀਆਂ ਨੇ। ਬਾਪ ਕਹਿੰਦੇ ਹਨ ਮੈਂ ਬੀ. ਕੇ. ਦੇ ਅੱਗੇ ਹੀ ਗਿਆਨ ਸੁਣਾਉਂਦਾ ਹਾਂ। ਬੱਚੇ ਜਾਣਦੇ ਹਨ ਇੱਥੇ ਕੋਈ ਵੀ ਸ਼ੂਦ੍ਰ ਕੁਮਾਰ ਜਾਂ ਰਾਵਣ ਕੁਮਾਰ ਬੈਠ ਨਹੀਂ ਸਕਦੇ। ਨਾਮ ਹੀ ਪਿਆ ਹੈ ਬ੍ਰਹਮਾਕੁਮਾਰ ਅਤੇ ਬ੍ਰਹਮਾਕੁਮਾਰੀਆਂ ਦਾ ਵੀ ਮਤਲਬ ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ। ਤੁਸੀਂ ਜਾਣਦੇ ਹੋ ਕਿ ਸਾਡੇ ਬ੍ਰਹਮਾ ਬਾਬਾ ਦਾ ਬਾਪ ਤਾਂ ਸ਼ਿਵ ਹੈ। ਅਸੀਂ ਆਤਮਾਵਾਂ ਦਾ ਵੀ ਬਾਪ ਸ਼ਿਵ ਹੈ। ਉਹ ਬਾਪ ਹੀ ਹੈ ਬਿਗੜੀ ਨੂੰ ਬਣਾਉਣ ਵਾਲਾ। ਭਾਰਤ ਦੀ ਹੀ ਬਿਗੜੀ ਹੈ, ਉਸਨੂੰ ਹੀ ਬਣਾਉਂਦੇ ਹਨ। ਬਾਪ ਕਹਿੰਦੇ ਹਨ ਭਾਰਤ ਹੀਰੇ ਵਰਗਾ ਸੀ, ਸੁਖਧਾਮ ਸੀ। ਨਵੀਂ ਦੁਨੀਆਂ ਵਿੱਚ ਨਵਾਂ ਭਾਰਤ, ਨਵਾਂ ਦੇਵੀ - ਦੇਵਤਾਵਾਂ ਦਾ ਰਾਜ ਸੀ। ਹੁਣ ਭਾਰਤ ਦੀ ਬਿਗੜੀ ਹੋਈ ਹੈ, ਅਸੁਰਾਂ ਦਾ ਰਾਜ ਹੈ। ਬਿਗੜੀ ਨੂੰ ਬਣਾਉਣ ਵਾਲਾ ਮਤਲਬ ਸੁਧਾਰਨ ਵਾਲਾ ਕੌਣ ਹੈ? ਇਹ ਤੁਸੀਂ ਬ੍ਰਾਹਮਣਾਂ ਦੇ ਸਿਵਾਏ ਹੋਰ ਕੋਈ ਜਾਨ ਨਾ ਸਕੇ। ਬਰੋਬਰ ਭਾਰਤ ਬਹੁਤ ਉੱਚ ਸੀ, ਹੁਣ ਨੀਚ ਹੈ। ਦੂਸਰੇ ਕਿਸੇ ਧਰਮ ਦੇ ਲਈ ਨਹੀਂ ਕਹਾਂਗੇ ਕਿ ਉਹ ਬਹੁਤ ਉੱਚ ਸੀ, ਹੁਣ ਨੀਚ ਹੈ। ਜਿਨ੍ਹਾਂ ਨੇ ਰਾਜਾਈ ਗਵਾਈ ਹੈ ਉਹ ਫਿਰ ਤੋਂ ਰਾਜਾਈ ਕਰਦੇ ਹਨ। ਉਦੋਂ ਕਹਿੰਦੇ ਹਨ ਫਿਰ ਤੋਂ ਬਿਗੜੀ ਨੂੰ ਬਣਾਉਣ ਵਾਲਾ। ਸਤਿਯੁਗ ਦੇ ਬਾਅਦ ਫਿਰ ਜਰੂਰ ਤ੍ਰੇਤਾ, ਦਵਾਪਰ, ਕਲਿਯੁਗ ਆਉਣਾ ਹੀ ਹੈ। ਸਭਦੀ ਬਿਗੜ੍ਹਣੀ ਹੀ ਹੈ। ਸਤੋ, ਰਜੋ, ਤਮੋ ਵਿੱਚ ਆਉਣਾ ਹੈ ਜਰੂਰ। ਹੁਣ ਸਭ ਦੀ ਬਿਗੜੀ ਹੋਈ ਹੈ। ਸਭ ਧਰਮਾਂ ਦਾ ਆਪਸ ਵਿੱਚ ਹੰਗਾਮਾ ਬਹੁਤ ਹੈ। ਚੀਨੀਆਂ ਦਾ ਆਪਸ ਵਿੱਚ, ਬੋਧੀਆਂ ਦਾ ਆਪਸ ਵਿੱਚ, ਸਭ ਆਪਸ ਵਿੱਚ ਕਿੰਨਾ ਲੜਦੇ - ਝਗੜਦੇ ਰਹਿੰਦੇ ਹਨ। ਇੰਨੇ ਜੋ ਅਨੇਕ ਧਰਮ ਹਨ ਸਭਦੀ ਬਿਗੜੀ ਹੋਈ ਹੈ। ਸਭ ਤਮੋਪ੍ਰਧਾਨ ਜੜ੍ਹ - ਜੜ੍ਹੀਭੂਤ ਅਵਸਥਾ ਵਿੱਚ ਹਨ। ਸਭ ਨੂੰ ਸਤੋਪ੍ਰਧਾਨ ਤੋਂ ਤਮੋਪ੍ਰਧਾਨ ਬਣਨਾ ਹੀ ਹੈ। ਰਾਵਣ ਤਮੋਪ੍ਰਧਾਨ ਬਣਾ ਦਿੰਦੇ ਹਨ ਫਿਰ ਰਾਮ ਆਕੇ ਰਾਵਣ ਦੀ ਬਿਗੜੀ ਨੂੰ ਬਣਾਉਂਦੇ ਹਨ।

ਤੁਸੀਂ ਜਾਣਦੇ ਹੋ ਰਾਮ ਕਿਸ ਨੂੰ ਕਿਹਾ ਜਾਂਦਾ ਹੈ। ਰਾਮ - ਰਾਮ ਕਹਿ ਮਾਲਾ ਫੇਰਦੇ ਹਨ ਤਾਂ ਪਰਮਾਤਮਾ ਨੂੰ ਹੀ ਯਾਦ ਕਰਦੇ ਹਨ। ਨਾਮ ਹੀ ਹੈ ਰੁਦ੍ਰ ਮਾਲਾ। ਰੁਦ੍ਰ ਸ਼ਿਵ ਦੇ ਗਲੇ ਦੀ ਮਾਲਾ। ਸਭ ਧਰਮ ਵਾਲੇ ਯਾਦ ਜਰੂਰ ਕਰਦੇ ਹਨ। ਸਭ ਧਰਮ ਵਾਲਿਆਂ ਦਾ ਸਦਗਤੀ ਦਾਤਾ ਸ਼ਿਵ ਹੈ। ਨਾਲ ਵਿਚ ਜਰੂਰ ਮਦਦਗਾਰ ਹੋਣਗੇ। ਰੁਦ੍ਰ ਦੀ ਮਾਲਾ ਬਹੁਤ ਸਰਵਿਸ ਕਰਦੀ ਹੈ। ਤੁਸੀਂ ਬੱਚਿਆਂ ਨੂੰ ਬਹੁਤ ਸਰਵਿਸ ਕਰਨੀ ਹੈ। ਸਰਵਿਸ ਕਰਦੇ ਹੋ ਤਾਂ ਤੇ ਤੁਹਾਡਾ ਪੂਜਨ ਹੁੰਦਾ ਹੈ। ਰੁਦ੍ਰ ਯਗ ਵੀ ਰਚਦੇ ਹਨ, ਨਾ ਸਿਰਫ ਭਾਰਤ ਵਿਚ ਪ੍ਰੰਤੂ ਸਾਰੀ ਦੁਨੀਆ ਵਿਚ ਕਿਉਂਕਿ ਤੁਸੀ ਸਾਰੀ ਦੁਨੀਆ ਨੂੰ ਪਾਵਨ ਬਣਾਉਂਦੇ ਹੋ। ਸ੍ਰਵਸ਼ਕਤੀਮਾਨ ਬਾਪ ਤੋਂ ਸ਼ਕਤੀ ਲੈਕੇ ਤੁਸੀਂ ਸਵਰਗ ਬਣਾਉਂਦੇ ਹੋ ਤਾਂ ਜਰੂਰ ਸਾਰੀ ਸ੍ਰਿਸ਼ਟੀ ਨੂੰ ਤੁਹਾਡੀ ਪੂਜਾ ਕਰਨੀ ਚਾਹੀਦੀ ਹੈ। ਰੁਦ੍ਰ ਹੈ ਬਾਪ। ਉਨ੍ਹਾਂ ਦਾ ਵੱਡਾ ਸ਼ਿਵਲਿੰਗ ਮਿੱਟੀ ਦਾ ਬਣਾਉਂਦੇ ਹਨ ਹੋਰ ਛੋਟੇ - ਛੋਟੇ ਸਾਲੀਗ੍ਰਾਮ ਵੀ ਬਣਾਉਂਦੇ ਹਨ। ਨਾਮ ਹੈ ਰੁਦ੍ਰ ਯਗ। ਤੁਹਾਡੀ ਪੂਜਾ ਹੁੰਦੀ ਹੈ ਕਿਉਂਕਿ ਤੁਸੀਂ ਸੇਵਾ ਕਰਕੇ ਗਏ ਹੀ। ਰੁਦ੍ਰ ਯਗ ਰਚਦੇ ਹਨ, ਬਹੁਤ ਪੂਜਾ ਕਰਦੇ ਹਨ। ਲੱਖਾਂ ਸਾਲੀਗ੍ਰਾਮ ਬਣਾਉਂਦੇ ਹਨ। ਪਹਿਲੇ ਹੈ ਅੱਠ ਦੀ ਮਾਲਾ ਫਿਰ ਹੈ 108 ਦੀ ਅਤੇ 16108 ਦੀ। ਉਨ੍ਹਾਂ ਨੇ ਮਦਦ ਕੀਤੀ ਹੈ, ਜੋ ਮਦਦ ਬਹੁਤ ਕਰਨਗੇ ਉਹ ਹੀ ਨੇੜੇ ਵਾਲੇ ਹੋਣਗੇ।

ਹੁਣ ਤੁਸੀਂ ਪੁਰਸ਼ਾਰਥ ਕਰਦੇ ਹੋ ਰੁਦ੍ਰ ਮਾਲਾ ਵਿਚ ਨੇੜੇ ਪਿਰੋਏ ਜਾਈਏ। ਸਿਰਫ ਬਾਪ ਨੂੰ ਯਾਦ ਕਰਨਾ ਹੈ। ਬਹੁਤ ਸਹਿਜ ਹੈ। ਬੱਚੇ ਦੇ ਲਈ ਬਾਪ ਨੂੰ ਯਾਦ ਕਰਨਾ ਬਹੁਤ ਸਹਿਜ ਹੈ, ਜੰਮਦੇ ਹੀ ਬਾਬਾ - ਮੰਮਾ ਕਹਿਣਾ ਸਿੱਖ ਜਾਂਦੇ ਹਨ। ਤਾਂ ਤੁਸੀਂ ਵੀ ਬਾਬਾ ਮੰਮਾ ਦੇ ਬੱਚੇ ਬਣੇ ਹੋ। ਕਹਿੰਦੇ ਵੀ ਹੋ ਤੁਸੀਂ ਮਾਤ - ਪਿਤਾ...। ਹੁਣ ਤੁਸੀਂ ਜਾਣਦੇ ਹੋ ਅਸੀਂ ਮਾਤ - ਪਿਤਾ ਦੇ ਸਾਮ੍ਹਣੇ ਬੈਠੇ ਹਾਂ। ਉਹ ਮਾਤ - ਪਿਤਾ ਸਾਨੂੰ ਰਾਜਾਈ ਪ੍ਰਾਪਤ ਕਰਨ ਦੇ ਲਈ ਸਿੱਖਿਆ ਦਿੰਦੇ ਹਨ। ਉਵੇਂ ਤਾਂ ਸਿੱਖਿਆ ਰਾਜੇ ਨੂੰ ਦੇਣੀ ਚਾਹੀਦੀ ਹੈ, ਰਾਜਾ ਬਣਨ ਦੀ। ਜਿਵੇਂ ਬੈਰਿਸਟਰ ਬਨਾਉਣ ਦੀ ਸਿੱਖਿਆ ਬੈਰਿਸਟਰ ਦਿੰਦੇ ਹਨ ਪ੍ਰੰਤੂ ਇੱਥੇ ਤੇ ਵੰਡਰਫੁਲ ਗੱਲ ਹੈ। ਪਰਮਪਿਤਾ ਪਰਮਾਤਮਾ ਵੀ ਗਿਆਨ ਦਾ ਸਾਗਰ ਹੈ। ਵਰਲਡ ਆਲਮਾਇਟੀ ਅਥਾਰਟੀ ਹੈ। ਸਾਰੇ ਵੇਦਾਂ, ਸ਼ਾਸਤਰਾਂ, ਗ੍ਰੰਥਾਂ ਆਦਿ ਨੂੰ ਉਹ ਜਾਣਦੇ ਹਨ। ਉਹ ਹੈ ਨਿਰਾਕਾਰ,

ਨਾਲੇਜ਼ਫੁੱਲ, ਬਲਿਸਫੁਲ, ਰਹਿਮਦਿਲ। ਸਭ ਦੇ ਉੱਪਰ ਰਹਿਮ ਕਰਦੇ ਹਨ। ਸਾਰੀ ਸ੍ਰਿਸ਼ਟੀ ਤੇ ਦਯਾ ਕਰਦੇ ਹਨ ਕਿਉਂਕਿ ਸਾਰੀ ਸ੍ਰਿਸ਼ਟੀ ਤਮੋਪ੍ਰਧਾਨ ਬਣੀ ਹੋਈ ਹੈ। ਪੰਜ ਤੱਤਵ ਵੀ ਤਮੋਪ੍ਰਧਾਨ ਹਨ। ਉਨ੍ਹਾਂ ਤੇ ਵੀ ਦਯਾ ਕਰਦੇ ਹਨ, ਉਹ ਵੀ ਸਤੋਪ੍ਰਧਾਨ ਬਣ ਜਾਣਗੇ ਇਸਲਈ ਉਨ੍ਹਾਂ ਨੂੰ ਬੇਹੱਦ ਦਾ ਸਰਵੋਦਯਾ ਕਿਹਾ ਜਾਂਦਾ ਹੈ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਆਤਮਾ ਪਵਿਤ੍ਰ ਬਣਨ ਨਾਲ ਹਰ ਚੀਜ ਪਵਿਤ੍ਰ ਬਣ ਜਾਂਦੀ ਹੈ। ਹੁਣ ਇਹ ਤੱਤਵ ਆਦਿ ਵੀ ਕਿੰਨੇ ਨੁਕਸਾਨ ਕਰਦੇ ਹਨ। ਉੱਥੇ ਤੱਤਵ ਵੀ ਸਤੋਪ੍ਰਧਾਨ ਹੁੰਦੇਂ ਹਨ। ਕਦੇ ਕੋਈ ਬੁੱਢੇ ਨਹੀਂ ਹੁੰਦੇ। ਤਾਂ ਬਿਗੜੀ ਨੂੰ ਬਣਾਉਣ ਵਾਲਾ ਬਾਪ ਹੈ। ਉਨ੍ਹਾਂ ਨੂੰ ਹੀ ਵਰਲਡ ਆਲਮਾਇਟੀ ਅਥਾਰਟੀ ਕਿਹਾ ਜਾਂਦਾ ਹੈ। ਉਹ ਹੀ ਵਰਲਡ ਆਲਮਾਇਟੀ ਅਥਾਰਟੀ ਰਾਜ ਸਥਾਪਨ ਕਰਦੇ ਹਨ। ਖੁਦ ਤਾਂ ਨਿਰਾਕਾਰ ਹਨ, ਉਨ੍ਹਾਂ ਨੂੰ ਮਹਾਰਾਜਾ ਜਾਂ ਵਿਸ਼ਵ ਦਾ ਮਾਲਿਕ, ਵਿਸ਼ਵ ਤੇ ਰਾਜ ਕਰਨ ਵਾਲਾ ਨਹੀਂ ਕਹਾਂਗੇ। ਉਹ ਤੇ ਕਰਨਕਰਾਵਨਹਾਰ ਹੈ। ਦੇਵੀ - ਦੇਵਤਿਆਂ ਦੀ ਰਾਜਧਾਨੀ ਸਥਾਪਨ ਕਰਾਉਂਦੇ ਹਨ। ਖੁਦ ਰਾਜਾਈ ਕਰਦੇ ਨਹੀਂ ਹਨ।

ਤੁਸੀਂ ਬੱਚੇ ਕਹਿੰਦੇ ਹੋ ਅਸੀਂ ਵਰਲਡ ਆਲ ਮਾਈਟੀ ਅਥਾਰਟੀ ਵਿਸ਼ਵ ਦੇ ਮਾਲਿਕ ਬਣਦੇ ਹਾਂ। ਫਿਰ ਤੁਹਾਡੇ ਤੇ ਕਿਸੇ ਦੀ ਅਥਾਰਟੀ ਨਹੀਂ ਚਲਦੀ। ਕੋਈ ਹੁਕਮ ਨਹੀਂ ਕਰ ਸਕਦੇ। ਸਤਿਯੁਗ - ਤ੍ਰੇਤਾ ਵਿੱਚ ਹੋਰ ਕੋਈ ਹੁੰਦੇ ਹੀ ਨਹੀਂ। ਤਾਂ ਤੁਸੀਂ ਬੱਚਿਆਂ ਨੂੰ ਸਿੱਧ ਕਰ ਦੱਸਣਾ ਹੈ ਸਰਵ ਸ਼ਾਸਤਰ ਸ਼ਿਰੋਮਣੀ ਗੀਤਾ ਹੈ। ਭਗਵਾਨ ਨੇ ਹੀ ਰਾਜਯੋਗ ਸਿਖਲਾਇਆ ਹੈ। ਤੁਸੀਂ ਬੱਚੇ ਜਾਣਦੇ ਹੋ ਅਸੀਂ ਮਨੁੱਖ ਤੋਂ ਦੇਵਤਾ ਬਣਦੇ ਹਾਂ। ਮਨੁੱਖਾਂ ਦੀ ਬਿਗੜੀ ਹੈ ਤਾਂ ਤੇ ਬਾਪ ਆਕੇ ਦੇਵਤਾ ਬਣਾਉਂਦੇ ਹਨ। ਸਾਰਾ ਮਦਾਰ ਹੈ ਪਵਿਤ੍ਰਤਾ ਤੇ। ਬੱਚੀਆਂ ਲਿਖਦੀਆਂ ਹਨ - ਪਵਿਤ੍ਰ ਬਣਨ ਲਈ ਬਹੁਤ ਸਿਤਮ ਕਰਦੇ ਹਨ। ਬੱਚਿਆਂ ਨੂੰ ਸਮਝਾਇਆ ਗਿਆ ਹੈ ਬਹੁਤ ਯੁਕਤੀ ਨਾਲ ਚਲਣਾ ਚਾਹੀਦਾ ਹੈ। ਇਸ ਵਿੱਚ ਬੜੀ ਹੁਸ਼ਿਆਰੀ ਚਾਹੀਦੀ ਹੈ। ਇੱਕ ਖੇਲ ਹੈ ਜਿਸ ਵਿਚ ਵਿਖਾਇਆ ਹੈ ਆਪਣੇ ਨੂੰ ਬਚਾਉਣ ਦੇ ਲਈ ਇਸਤਰੀ ਕਿੰਨੇ ਚਰਿਤ੍ਰ ਕਰਦੀ ਹੈ। ਬਾਪ ਕਹਿੰਦੇ ਹਨ - ਬੱਚੇ, ਇਸ ਵਿੱਚ ਨਸ਼ਟੋਮੋਹਾ ਬਣਨਾ ਪਵੇ। ਬਹੁਤਿਆਂ ਦੀ ਪਤੀ ਵਿੱਚ, ਬੱਚਿਆਂ ਵਿਚ ਮੋਹ ਦੀ ਰਗ ਜਾਂਦੀ ਹੈ। ਕੰਨਿਆ ਦਾ ਤੇ ਸਿਰਫ ਮਾਂ - ਬਾਪ ਅਤੇ ਭਾਈ - ਭੈਣ ਵਿੱਚ ਮੋਹ ਹੋਵੇਗਾ ਫਿਰ ਜਦ ਸ਼ਾਦੀ ਕਰਦੀ ਹੈ ਤਾਂ ਪਲੱਸ ਹੋਰ ਵੀ ਵਧ ਜਾਂਦੇ ਹਨ। ਪਤੀ, ਸੱਸ ਫਿਰ ਬੱਚੇ ਪੈਦਾ ਹੋਏ ਤਾਂ ਉਨ੍ਹਾਂ ਵਿੱਚ ਕਿੰਨਾਂ ਮੋਹ ਜੁੱਟ ਜਾਂਦਾ ਹੈ। ਡਬਲ ਵ੍ਰਿਧੀ ਹੋ ਜਾਂਦੀ ਹੈ ਇਸਲਈ ਪਹਿਲੇ ਤੇ ਨਸ਼ਟੋਮੋਹਾ ਚਾਹੀਦਾ, ਫਿਰ ਪ੍ਰੀਖਿਆਵਾਂ ਵੀ ਆਉਂਦੀਆਂ ਹਨ। ਜਿਵੇਂ ਰਾਜੇ ਲੋਕ ਘਰ ਬਾਰ ਛੱਡਦੇ ਹਨ ਤਾਂ ਪਹਿਲੇ ਗੁਰੂ ਦੇ ਕੋਲ ਜਾਂਦੇ ਹਨ, ਉਹ ਫਿਰ ਉਨ੍ਹਾਂ ਤੋਂ ਕਾਠੀ ( ਲਕੜੀ ) ਕਟਾਉਂਦੇ, ਆਸ਼ਰਮ ਦੀ ਸਫਾਈ ਆਦਿ ਕਰਾਉਂਦੇ ਹਨ ਤਾਕਿ ਦੇਹ - ਅਭਿਮਾਨ ਟੁੱਟ ਜਾਵੇ। ਇੱਥੇ ਵੀ ਅਜਿਹੇ ਕਾਇਦੇ ਹਨ। ਗਰੀਬ ਤਾਂ ਇਹ ਸਭ ਕੰਮ ਕਰਦੇ ਰਹਿੰਦੇ ਹਨ। ਵੱਡੇ ਘਰ ਵਾਲਿਆਂ ਵਿਚ ਬਹੁਤ ਦੇਹ - ਅਭਿਮਾਨ ਰਹਿੰਦਾ ਹੈ ਤਾਂ ਉਨ੍ਹਾਂ ਦੀ ਪ੍ਰੀਖਿਆ ਲਈ ਜਾਂਦੀ ਹੈ। ਸ਼ੁਰੂਆਤ ਵਿੱਚ ਬਾਬਾ ਨੇ ਵੀ ਪ੍ਰੀਖਿਆ ਲਈ ਨਾ। ਦੇਹ - ਅਭਿਮਾਨ ਤੋੜਨ ਦੇ ਲਈ ਤੁਸੀਂ ਸਭ ਕੁਝ ਕਰਦੇ ਸੀ। ਮੋਟਰ ਸਾਫ ਕਰਨਾ, ਧੋਬੀ ਦਾ ਕੰਮ ਕਰਨਾ। ਕੋਈ ਵੀ ਆਵੇ ਤਾਂ ਬੋਲੋ - ਪਹਿਲੇ ਤਾਂ ਇਹ ਕੰਮ ਕਰਨਾ ਪਵੇਗਾ। ਵੱਡੇ ਘਰ ਵਾਲਿਆਂ ਦੇ ਲਈ ਤਾਂ ਆਉਣਾ ਹੀ ਬਹੁਤ ਮੁਸ਼ਕਿਲ ਹੈ। ਗਰੀਬਾਂ ਤੇ ਫਿਰ ਮਾਰ ਖਾਣ ਦੀ ਮੁਸੀਬਤ ਹੈ। ਪਵਿਤ੍ਰ ਰਹਿਣ ਨਹੀਂ ਦਿੰਦੇ ਹਨ। ਉਨ੍ਹਾਂ ਦੇ ਨਾਲ ਫਿਰ ਯੁਕਤੀ ਨਾਲ ਚਲਣਾ ਪੈਂਦਾ ਹੈ ਲੇਕਿਨ ਪੂਰਾ ਨਸ਼ਟੋਮੋਹਾ ਜਰੂਰ ਚਾਹੀਦਾ ਹੈ। ਅਧੂਰੇ ਨਸ਼ਟੋਮੋਹਾ ਹੋਣ ਗੇ ਤਾਂ ਇੱਕ ਲੱਤ ਉਸ ਪਾਸੇ, ਇੱਕ ਲੱਤ ਦੂਜੇ ਪਾਸੇ, ਲਟਕ ਪੈਣਗੇ। ਫਿਰ ਅਜਿਹੇ ਬਹੁਤ ਲਟਕ ਦੁਖੀ ਹੋ ਪੈਂਦੇ ਹਨ। ਬਾਪ ਨੂੰ ਭੁੱਲਣ ਨਾਲ ਛੀ - ਛੀ ਹੋ ਜਾਂਦੇ ਹਨ।

ਬਾਪ ਬੱਚਿਆਂ ਨੂੰ ਨਿਰੰਤਰ ਯਾਦ ਕਰਨ ਦੇ ਲਈ ਕਿੰਨੀਆਂ ਯੁਕਤੀਆਂ ਦੱਸਦੇ ਹਨ। ਯਾਦ ਨਾਲ ਹੀ ਵਿਕਰਮਾਜੀਤ ਜਿੱਤ ਬਣਨਗੇ। ਕਲਪ - ਕਲਪ ਸ਼੍ਰੀਮਤ ਦਿੰਦੇ ਆਏ ਹਨ। ਰਾਜਧਾਨੀ ਤਾਂ ਜਰੂਰ ਸਥਾਪਨ ਹੁੰਦੀ ਹੈ। ਜੋ ਕਲਪ ਪਹਿਲੇ ਮੁਆਫ਼ਿਕ ਪੁਰਸ਼ਾਰਥ ਕਰਦੇ ਹਨ ਉਹ ਛਿਪੇ ਨਹੀਂ ਰਹਿ ਸਕਦੇ। ਝੱਟ ਪਤਾ ਪੈ ਜਾਂਦਾ ਹੈ। ਦਾਸ - ਦਾਸੀਆਂ ਵੀ ਬਣਨੇ ਹਨ ਨਾ। ਇੱਥੇ ਰਹਿੰਦੇ ਹਨ ਤਾਂ ਰਾਜਧਾਨੀ ਵਿੱਚ ਤਾਂ ਆ ਜਾਂਦੇ ਹਨ ਕਿਉਂਕਿ ਬੱਚੇ ਤਾਂ ਫਿਰ ਵੀ ਬਣੇ ਨਾ। ਦਾਸ - ਦਾਸੀ ਬਣ ਫਿਰ ਕੁਝ ਨਾ ਕੁਝ ਪਦਵੀ ਪਾ ਲੈਂਦੇ ਹਨ। ਨਹੀਂ ਤਾਂ ਦਾਸ - ਦਾਸੀਆਂ ਕਿੱਥੋਂ ਆਉਣ। ਪ੍ਰਜਾ ਨੂੰ ਤੇ ਅੰਦਰ ਆਉਣ ਦਾ ਅਲਾਉ ਹੋ ਨਾ ਸਕੇ। ਦਾਸ - ਦਾਸੀਆਂ ਤੇ ਅੰਦਰ ਰਹਿੰਦੇ ਹਨ। ਬਹੁਤ ਕਹਿੰਦੇ ਹਨ ਅਸੀਂ ਸ਼੍ਰੀਕ੍ਰਿਸ਼ਨ ਦੇ ਦਾਸ - ਦਾਸੀ ਬਣੀਏ ਤਾਂ ਵੀ ਚੰਗਾ ਹੈ। ਮਾਂ ਤੋਂ ਵੀ ਜਿਆਦਾ ਉਨ੍ਹਾਂ ਦੀ ਗੋਦ ਵਿਚ ਆਵੇਗਾ। ਅੱਜਕਲ ਬੱਚਿਆਂ ਨੂੰ ਨਰਸ ਹੀ ਸੰਭਾਲਦੀ ਹੈ। ਉੱਥੇ ਤੇ ਸ਼੍ਰੀਕ੍ਰਿਸ਼ਨ ਨੂੰ ਸੰਭਾਲਣ ਵਿੱਚ ਬੜੀ ਖੁਸ਼ੀ ਹੁੰਦੀ ਹੈ। ਸ਼੍ਰੀਕ੍ਰਿਸ਼ਨ ਜਨਮਅਸ਼ਟਮੀ ਤੇ ਸਭ ਮਾਤਾਵਾਂ ਸ਼੍ਰੀਕ੍ਰਿਸ਼ਨ ਨੂੰ ਝੁਲਾਉਂਦੀਆਂ ਹਨ। ਉੱਥੇ ਵੀ ਦਾਸੀਆਂ ਸੰਭਾਲਦੀਆਂ ਹਨ।

ਬਾਪਦਾਦਾ ਨੂੰ ਬੱਚੇ ਬੜੇ ਚੰਗੇ ਚਾਹੀਦੇ। ਬਾਪ ਤਾਂ ਕਹਿੰਦੇ ਹਨ, ਕਿੰਨੀ ਮਿਹਨਤ ਕਰਨੀ ਪੈਂਦੀ ਹੈ - ਰਾਜਧਾਨੀ ਸਥਾਪਨ ਕਰਨ ਵਿੱਚ। ਝਾੜ - ਝਾੜ ਦੀ ਕਾਠੀ ਹੈ, ਸੰਭਾਲਣ ਵਾਲੇ ਹੀ ਤੰਗ ਹੋ ਜਾਂਦੇ ਹਨ। ਕਿਸੇ - ਕਿਸੇ ਤੇ ਚਲਦੇ - ਚਲਦੇ ਗ੍ਰਹਿਚਾਰੀ ਬੈਠ ਜਾਂਦੀ ਹੈ। ਗੱਲ ਨਾ ਪੁੱਛੋ। ਇਹ ਤਾਂ ਗੁੜ ਜਾਣੇ ਗੁੜ ਦੀ ਗੋਥਰੀ ਜਾਣੇ, ਯਾਨੀ ਬਾਪਦਾਦਾ ਜਾਣੇ। ਗੁੜ ਤਾਂ ਹੈ ਹੀ ਬਾਪ, ਮਿੱਠਾ ਹੈ ਨਾ। ਉਨ੍ਹਾਂ ਦੀ ਗੋਥਰੀ, ਜਿਨ੍ਹਾਂ ਵਿੱਚ ਉਹ ਆਉਂਦੇ ਹਨ ਤਾਂ ਉਹ ਜਾਣੇ ਅਤੇ ਇਹ ਜਾਨਣ। ਮਾਇਆ ਰਾਵਣ ਇਵੇਂ ਥੱਪੜ ਲਗਾ ਦਿੰਦੀ ਹੈ ਜੋ ਪਤਾ ਵੀ ਨਹੀਂ ਪੈਂਦਾ ਹੈ। ਅਵਗਿਆ ਹੋ ਜਾਂਦੀ ਹੈ ਤਾਂ ਮਾਫੀ ਤੇ ਲੈ ਲਵੋ, ਨਹੀਂ ਤੇ ਕਰਮ ਭੋਗਣਾ ਬਹੁਤ ਹੋ ਜਾਂਦੀ ਹੈ। ਸਮਝਾਉਣ ਤੇ ਵੀ ਸਮਝਦੇ ਨਹੀਂ। ਇਵੇਂ ਮਾਇਆ ਦਾ ਗ੍ਰਹਿਣ ਲੱਗ ਜਾਂਦਾ ਹੈ। ਬਾਬਾ ਖੁਦ ਦੱਸਦੇ ਹਨ। ਕਦੇ ਤੇ ਯੋਗ ਬਹੁਤ ਵਧੀਆ ਲਗਦਾ ਹੈ, ਕਦੇ ਤੇ ਮਾਇਆ ਇਤਨਾ ਤੂਫ਼ਾਨ ਵਿੱਚ ਲੈ ਅਉਂਦੀ ਹੈ, ਕਿ ਗੱਲ ਨਾ ਪੁੱਛੋ। ਬਾਬਾ ਕਹਿੰਦੇ ਹਨ ਪਹਿਲੇ ਤੁਸੀਂ ਅਨੁਭਵ ਕਰੋਗੇ, ਤਾਂ ਤੇ ਹੋਰਾਂ ਨੂੰ ਦੱਸੋਂਗੇ ਨਾ। ਤਾਂ ਤੂਫ਼ਾਨ ਪਹਿਲੇ ਸਭ ਬਾਬਾ ਦੇ ਅੱਗੇ ਆਉਂਦੇ ਹਨ। ਬਾਬਾ ਦੱਸਦੇ ਹਨ ਆਪਣੇ ਨੂੰ ਮੀਆਂ ਮਿੱਠੂ ਨਹੀਂ ਸਮਝਣਾ ਹੈ। ਸਾਫ਼ ਦਿਲ ਹੈ ਤਾਂ

ਉੱਚੀ ਮੁਰਾਦ ਹਾਸਿਲ ਹੁੰਦੀ ਹੈ। ਅੰਦਰ ਬਾਹਰ ਦਿਲ ਦੇ ਸਾਫ਼ ਹੋਣ ਤੇ ਹੀ ਸੱਚੀ ਦਿਲ ਤੇ ਸਾਹਿਬ ਰਾਜੀ ਹੋ ਸਕਦਾ ਹੈ। ਤੁਸੀਂ ਬੱਚੇ ਜਾਣਦੇ ਹੋ ਸਾਡੀ ਬਿਗੜੀ ਨੂੰ ਬਾਬਾ ਬਣਾ ਰਹੇ ਹਨ। ਅਸੀਂ ਇੱਕਦਮ ਬੰਦਰ ਮਿਸਲ ਸੀ। ਬਾਬਾ ਮੰਦਿਰ ਲਾਇਕ ਬਣਾਉਂਦੇ ਹਨ। ਵਿਸ਼ਵ ਦੇ ਅਸੀਂ ਮਾਲਿਕ ਬਣਦੇ ਹਾਂ ਫਿਰ ਮੰਦਿਰ ਵਿਚ ਬੈਠਣ ਦੀ ਇੱਕ ਕੋਠਰੀ ਮਿਲਦੀ ਹੈ। ਸਤਿਯੁਗ ਨੂੰ ਕਿਹਾ ਜਾਂਦਾ ਹੈ ਸ਼ਿਵਾਲਾ। ਸਾਰੇ ਵਿਸ਼ਵ ਦੇ ਮਾਲਿਕ ਬਣ ਰਾਜ ਕਰਦੇ ਹਨ ਫਿਰ ਬਾਦ ਵਿਚ ਸਾਡੇ ਲਈ ਮੰਦਿਰ ਬਣਦੇ ਹਨ ਜਿਨ੍ਹਾਂ ਵਿਚ ਅਸੀਂ ਪੂਜੇ ਜਾਂਦੇ ਹਾਂ। ਪੂਜਾ ਕਰਨ ਵਾਲੇ ਵੀ ਪਹਿਲੇ ਅਸੀਂ ਹੀ ਸੀ, ਅਸੀਂ ਹੀ ਪੂਜੀਏ ਸੀ ਫਿਰ ਅਸੀ ਹੀ ਪੁਜਾਰੀ ਬਣੇ ਹਾਂ ਫਿਰ ਪੂਜੀਏ ਬਣਦੇ ਹਾਂ।

ਸਮਝਾਇਆ ਤਾਂ ਬਹੁਤ ਵਧੀਆ ਜਾਂਦਾ ਹੈ। ਮਾਇਆ ਚੰਗੇ - ਚੰਗੇ ਬੱਚਿਆਂ ਦਾ ਵੀ ਮੱਥਾ ਖਰਾਬ ਕਰ ਦਿੰਦੀ ਹੈ। ਦੇਹ - ਅਭਿਮਾਨ ਬੜਾ ਨੁਕਸਾਨ ਕਰ ਦਿੰਦਾ ਹੈ ਫਿਰ ਕੁਝ ਨਾ ਕੁਝ ਪਾਪ ਹੋ ਜਾਂਦਾ ਹੈ। ਸ਼ਿਵਬਾਬਾ ਦੀ ਸ਼ਲ ਕੋਈ ਅਵਗਿਆ ਨਾ ਕਰੇ, ਉਨ੍ਹਾਂ ਤੋਂ ਕੁਝ ਨਾ ਛਿਪਾਏ। ਧਰਮਰਾਜ ਵੀ ਹੈ, ਬਹੁਤ ਦੰਡ ਦਿੰਦੇ ਹਨ। ਉਨ੍ਹਾਂ ਦਾ ਡਰ ਰਹਿਣਾ ਚਾਹੀਦਾ ਹੈ। ਅਵਗਿਆ ਹੁੰਦੀ ਹੈ ਤਾਂ ਮਾਫੀ ਲੈ ਲੈਣੀ ਚਾਹੀਦੀ ਹੈ - ਬਾਬਾ ਅੱਜ ਸਾਡੇ ਤੋਂ ਇਹ ਭੁੱਲ ਹੋਈ। ਸ਼ਿਵਬਾਬਾ ਥਰੂ ਬ੍ਰਹਮਾ। ਡਰ ਰਹਿੰਦਾ ਹੈ ਬ੍ਰਹਮਾ ਤੇ ਪਹਿਲਾਂ ਪੜਨਗੇ। ਅਰੇ, ਉਹ ਤੇ ਬਾਬਾ ਹੈ, ਸਿੱਖਿਆ ਦਿੰਦੇ ਹਨ। ਮੰਮਾ ਵੀ ਸਿੱਖਿਆ ਦਿੰਦੀ ਹੈ। ਤੁਹਾਨੂੰ ਵੀ ਕੋਈ ਦੱਸਦੇ ਹਨ ਤੇ ਤੁਸੀਂ ਫਿਰ ਸ਼ਿਵਬਾਬਾ ਨੂੰ ਸਮਾਚਾਰ ਦਿੰਦੇ ਹੋ। ਮੰਮਾ - ਬਾਬਾ ਨੂੰ ਵੀ ਪਤਾ ਲੱਗ ਜਾਂਦਾ ਹੈ। ਸਮਝਾਇਆ ਤਾਂ ਬਹੁਤ ਜਾਂਦਾ ਹੈ। ਮਕਨਾਹਾਥੀ ਨਹੀਂ ਬਣਨਾ ਹੈ, ਉਸ ਨੂੰ ਬਹੁਤ ਅਭਿਮਾਨ ਹੁੰਦਾ ਹੈ। ਇਹ ਦੇਹ - ਅਭਿਮਾਨ ਬਹੁਤ ਨੁਕਸਾਨ ਕਰਦਾ ਹੈ, ਅਧਾਕਲਪ ਚੱਲਿਆ ਹੈ ਨਾ। ਉੱਥੇ ਤੇ ਸਮਝਦੇ ਹਨ ਅਸੀਂ ਆਤਮਾ ਹਾਂ, ਇਹ ਪੁਰਾਣਾ ਸ਼ਰੀਰ ਛੱਡ ਨਵਾਂ ਲੈਂਦੇ ਹਾਂ। ਉੱਥੇ ਆਤਮ - ਅਭਿਮਾਨੀ ਕਹਾਂਗੇ। ਇੱਥੇ ਤਾਂ ਸਭ ਦੇਹ - ਅਭਿਮਾਨੀ ਹਨ। ਤਾਂ ਬੱਚਿਆਂ ਨੂੰ ਸ਼੍ਰੀਮਤ ਲੈਂਦੇ ਰਹਿਣਾ ਹੈ। ਭੁੱਲ ਕਦੇ ਛਿਪਾਉਣੀ ਨਹੀਂ ਚਾਹੀਦੀ। ਛੁਪਾਉਂਦੇ - ਛੁਪਾਉਂਦੇ ਛਿੱਪ ਹੀ ਜਾਂਦੇ ਹਨ। ਯੋਗ ਟੁੱਟ ਜਾਂਦਾ ਹੈ। ਬਿਗੜੀ ਨੂੰ ਬਣਾਉਣ ਵਾਲਾ ਇੱਕ ਹੀ ਭਗਵਾਨ ਅਥਾਰਟੀ ਹੈ। ਹੁਣ ਤੁਸੀਂ ਉਨ੍ਹਾਂ ਦੇ ਬੱਚੇ ਬਣੇ ਹੋ ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਗਿਆਨ ਸਿਤਾਰਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਨੰਬਰਵਾਰ ਪੁਰਸ਼ਾਰਥ ਅਨੁਸਾਰ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ

ਧਾਰਨਾ ਲਈ ਮੁੱਖ ਸਾਰ:-

1. ਅੰਦਰ - ਬਾਹਰ ਦਿਲ ਦੀ ਸਫਾਈ ਨਾਲ ਸਾਹਿਬ ਬਾਪ ਨੂੰ ਰਾਜ਼ੀ ਰੱਖਣਾ ਹੈ। ਮਾਇਆ ਦੇ ਗ੍ਰਹਿਣ ਤੋਂ ਬਚਣ ਦੇ ਲਈ ਬਾਪ ਨੂੰ ਸਚਾਈ ਨਾਲ ਸਭ ਸੁਣਾਉਣਾ ਹੈ।

2. ਨਸ਼ਟੋਮੋਹਾ ਪੂਰਾ ਬਣਨਾ ਹੈ। ਜਰਾ ਵੀ ਕਿਸੇ ਦੇਹਧਾਰੀ ਵਿੱਚ ਰਗ ਨਹੀਂ ਰੱਖਣੀ ਹੈ। ਦੇਹ - ਅਭਿਮਾਨ ਨੂੰ ਤੋੜਨ ਦਾ ਪੂਰਾ - ਪੂਰਾ ਪੁਰਸ਼ਾਰਥ ਕਰਨਾ ਹੈ।

ਵਰਦਾਨ:- ਸਨੇਹ ਦੇ ਜਾਦੂ ਦਵਾਰਾ ਨਿਰਬੰਧਨ ਨੂੰ ਵੀ ਬੰਧਨ ਵਿਚ ਬੰਨ੍ਹਣ ਵਾਲੇ ਸ੍ਰੇਸ਼ਠ ਜਾਦੂਗਰ ਭਵ।

ਬਾਪ ਤੋਂ ਵੀ ਵੱਡੇ ਜਾਦੂਗਰ ਤੁਸੀਂ ਬੱਚੇ ਹੋ। ਅਜਿਹਾ ਸਨੇਹ ਦਾ ਜਾਦੂ ਤੁਹਾਡੇ ਕੋਲ ਹੈ ਜੋ ਨਿਰਬੰਧਨ ਨੂੰ ਵੀ ਬੰਧਨ ਵਿਚ ਬੰਨ੍ਹ ਦਿੰਦੇ ਹੋ। ਬਾਪ ਨੂੰ ਵੀ ਬੱਚਿਆਂ ਦੇ ਸਿਵਾਏ ਕੁਝ ਸੁਝਦਾ ਨਹੀਂ। ਨਿਰੰਤਰ ਬੱਚਿਆਂ ਨੂੰ ਹੀ ਯਾਦ ਕਰਦੇ ਹਨ। ਕਿੰਨੀ ਵਾਰ ਤੇ ਬਾਪ ਨੂੰ ਭੋਜਨ ਤੇ ਬੁਲਾਉਂਦੇ ਹੋ, ਖਾਂਦੇ ਹੋ ਚਲਦੇ ਹੋ, ਸੌਂਦੇ ਹੋ ਤਾਂ ਵੀ ਬਾਪ ਨਾਲ ਹੈ। ਕੋਈ ਕਰਮ ਕਰਦੇ ਹੋ ਤਾਂ ਕਹਿੰਦੇ ਹੋ ਕਿ ਕੰਮ ਤੁਹਾਡਾ ਹੈ, ਕਰਵਾਓ ਤੁਸੀਂ ਨਿਮਿਤ ਹੱਥ ਅਸੀਂ ਚਲਾਉਂਦੇ ਹਾਂ। ਫਿਰ ਕਰਮ ਦਾ ਬੋਝ ਵੀ ਬਾਪ ਨੂੰ ਦੇ ਦਿੰਦੇ ਹੋ ਤਾਂ ਸ੍ਰੇਸ਼ਠ ਜਾਦੂਗਰ ਹੋਏ ਨਾ।

ਸਲੋਗਨ:- ਆਪਣੀ ਸਵਸਥਿਤੀ ਦੀ ਸ਼ਕਤੀ ਨਾਲ ਪ੍ਰਸਥਿਤੀ ਨੂੰ ਬਦਲਣ ਵਾਲੇ ਕਦੇ ਪ੍ਰੇਸ਼ਾਨ ਨਹੀਂ ਹੋ ਸਕਦੇ।

******